ਨੰਬਰ: 3655 /86-ਐਮ.ਜੀ/ਆਰ.ਜੀ    ਮਿਤੀ 5 /08/2020.

ਸੇਵਾ ਵਿਖੇ

ਡਾਇਰੈਕਟਰ,
ਸੂਚਨਾਂ ਤੇ ਲੋਕ ਸੰਪਰਕ ਵਿਭਾਗ,
5ਵੀ ਮੰਜਿਲ, ਸਿਵਲ ਸਕੱਤਰੇਤ,
ਪੰਜਾਬ, ਚੰਡੀਗੜ੍ਹ।

ਵਿਸ਼ਾ:- ਜਲ ਸਰੋਤ ਵਿਭਾਗ ਦੀ ਵਾਧੂ ਪਈ ਜਮੀਨ ਨੂੰ ਨਿਲਾਮੀ ਰਾਂਹੀਂ ਵੇਚਣ ਸਬੰਧ ਨਿਲਾਮੀ ਨੋਟਿਸ ਦੀ ਪ੍ਰਕਾਸ਼ਨਾ ਕਰਨ ਬਾਰੇ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਇਸ ਦਫ਼ਤਰ ਅਧੀਨ ਵਾਧੂ ਪਈ ਪਿੰਡ ਨਾਰਲੀ ਦੀ ਜਮੀਨ ਨੂੰ ਮਿਤੀ 26-08-2020 ਨੂੰ ਖੁੱਲੀ ਬੋਲੀ ਰਾਂਹੀਂ ਵੇਚਣ ਸਬੰਧੀ ਨਿਲਾਮੀ ਨੋਟਿਸ ਨਾਲ ਨੱਥੀ ਕਰਕੇ ਭੇਜ਼ ਕੇ ਲਿਖਿਆ ਜਾਂਦਾ ਹੈ ਕਿ ਨਿਲਾਮੀ ਨੋਟਿਸ ਤਿੰਨ ਅਖਬਾਰਾਂ ਜਿਵੇਂਕਿ The Tribune (English), Ajit (Punjabi) and Punjab Kesari (Hindi) ਪੰਜਾਬ ਅਤੇ ਚੰਡੀਗੜ੍ਹ ਦੇ ਖੇਤਰ ਵਿੱਚ ਇਸ਼ਤਿਹਾਰ/ਪ੍ਰਕਾਸ਼ਨਾ ਕਰਨ ਲਈ ਭੇਜਿਆ ਜਾਂਦਾ ਹੈ। ਇਸ ਪ੍ਰਕਾਸ਼ਨਾ ਤੇ ਆਏ ਖਰਚੇ ਦਾ ਬਿੱਲ ਕਾਰਜਕਾਰੀ ਇੰਜੀਨੀਅਰ, ਮਜੀਠਾ ਮੰਡਲ ਅ.ਬ.ਦੀਨ., ਅੰਮ੍ਰਿਤਸਰ ਦੇ ਨਾਂ ਤੇ ਭੇਜਿਆ ਜਾਵੇ ਜੀ।

ਸਹਿਪੱਤਰ/-ਨਿਲਾਮੀ ਨੋਟਿਸ।

ਕਾਰਜਕਾਰੀ ਇੰਜੀਨੀਅਰ,
ਮਜੀਠਾ ਮੰਡਲ ਅ.ਬ.ਦ.ਨ.,
ਅੰਮ੍ਰਿਤਸਰ।

ਨੰਬਰ: 3646 /86-ਐਮ.ਜੀ/ਆਰ.ਸੀ. ਮਿਤੀ 5/8 /2020.

ਦਫਤਰ ਕਾਰਜਕਾਰੀ ਇੰਜੀਨੀਅਰ, ਮਜੀਠਾ ਮੰਡਲ ਅ.ਬ.ਦ.ਨ., ਅੰਮ੍ਰਿਤਸਰ ਅਧੀਨ ਜਲ ਸਰੋਤ ਵਿਭਾਗ, ਪੰਜਾਬ ਦੀ ਵਾਧੂ ਪਈ ਜਮੀਨ ਜਿਸ ਦਾ ਵੇਰਵਾ ਹੇਠਾ ਦਿੱਤਾ ਗਿਆ ਹੈ, ਦੀ ਫਰੀ ਹੋਲਡ ਅਧਾਰ ਤੇ ਨਿਲਾਮੀ ਕਰਨ ਦਾ ਪ੍ਰਸਤਾਵ ਹੈ :-

ਜਮੀਨ ਦਾ ਵੇਰਵਾ

| ਲੜੀ ਨੰ: | ਮੰਡਲ ਦਾ ਨਾਂ | ਪਿੰਡ/ਸ਼ਹਿਰ | ਤਹਿ ਅਤੇ ਜਿਲ੍ਹਾ | ਅਨੁਮਾਨਤ ਰਕਬਾ (ਏਕੜ) | ਨਿਲਾਮੀ ਦੀ ਤਰੀਖ |
|---|---|---|---|---|---|
| 1. | ਮਜੀਠਾ ਮੰਡਲ ਅ.ਬ.ਦ.ਨ., ਅੰਮ੍ਰਿਤਸਰ | ਨਾਰਲੀ | ਪੱਟੀ, ਜਿਲ੍ਹਾ ਤਰਨ ਤਾਰਨ | 6-ਏਕੜ | 26-08-2020 |

**ਬੋਲੀ ਦੀਆਂ ਸ਼ਰਤਾਂ :-**

1. ਬੋਲੀਕਾਰ ਬੋਲੀ ਆਰੰਭ ਹੋਣ ਤੋਂ ਪਹਿਲਾਂ ਬੋਲੀ ਵਿੱਚ ਹਿੱਸਾ ਲੈਣ ਦੇ ਯੋਗ ਬਨਣ ਲਈ 50,000/- ਰਕਮ ਬਿਆਨਾ ਵੱਜੋਂ ਨਕਦ ਰੂਪ ਵਿੱਚ ਜਮ੍ਹਾ ਕਰਵਾਏਗਾ। ਅਸਫਲ ਬੋਲੀਕਾਰ ਦੀ ਰਕਮ ਬਿਆਨਾ ਨਿਲਾਮੀ ਤੋਂ ਪਿਛੋਂ ਤੁਰੰਤ ਮੌਕੇ ਤੇ ਹੀ ਵਾਪਿਸ ਕਰ ਦਿੱਤੀ ਜਾਵੇਗੀ ।

2. ਨਿਲਾਮੀ ਆਰੰਭ ਹੋਣ ਤੇ ਰਾਖਵੀਂ ਕੀਮਤ ਦਾ ਐਲਾਨ ਕੀਤਾ ਜਾਵੇਗਾ ।

3. ਪਹਿਲਾਂ ਜਮ੍ਹਾ ਕਰਵਾਈ ਗਈ 10% ਰਾਸ਼ੀ ਤੋਂ ਇਲਾਵਾ ਸਫਲ ਬੋਲੀਕਾਰ ਵੱਲੋਂ ਬੋਲੀ ਦੀ 15% ਰਕਮ ਬੋਲੀ ਦੀ ਮਿਤੀ 10 ਦਿਨਾਂ ਦੇ ਅੰਦਰ ਅੰਦਰ ਜਮ੍ਹਾ ਕਰਵਾਇਆ ਜਾਵੇਗਾ। ਜੇਕਰ ਸਫਲ ਬੋਲੀਕਾਰ ਇਹ ਰਾਸ਼ੀ ਅਦਾ ਕਰਨ ਤੋਂ ਅਸਫਲ ਰਹਿਦਾ ਹੈ ਤਾਂ ਬੋਲੀ ਰੱਦ ਕਰ ਦਿੱਤੀ ਜਾਵੇਗੀ ਅਤੇ ਉਸ ਦੀ ਪਹਿਲਾਂ ਜਮ੍ਹਾਂ ਕਰਵਾਈ ਗਈ ਰਾਸ਼ੀ ਜਬਤ ਕਰ ਲਈ ਜਾਵੇਗੀ ।

4. ਬਾਕੀ ਰਹਿੰਦੀ 75% ਰਕਮ ਸਫਲ ਬੋਲੀਕਾਰ ਯੱਕ-ਮੁਸ਼ਤ ਬਿਨ੍ਹਾਂ ਵਿਆਜ ਜਮ੍ਹਾ ਕਰਵਾ ਸਕਦਾ ਹੈ ਜਾਂ ਬਾਕੀ 75% ਕੀਮਤ ਤਿੰਨ ਬਰਾਬਰ ਛਿਮਾਹੀ ਕਿਸਤਾਂ ਵਿੱਚ ਸਮੇਤ ਰਹਿੰਦੀ ਕੀਮਤ ਤੇ 15 % ਵਿਆਜ ਨਾਲ ਜਮ੍ਹਾ ਕਰਵਾਇਆ ਜਾਵੇਗਾ ਅਤੇ ਇਹ ਬਰਾਬਰ ਕਿਸ਼ਤਾਂ ਐਗਰੀਮੈਂਟ ਵਿੱਚ ਦਿੱਤੇ ਗਏ ਸ਼ਡਿਊਲ ਅਨੁਸਾਰ ਅਦਾ ਕੀਤੀਆਂ ਜਾਣਗੀਆਂ ਅਤੇ ਹਰ ਇੱਕ ਕਿਸ਼ਤ ਸਬੰਧਤ ਕਾਰਜਕਾਰੀ ਇੰਜੀਨੀਅਰ ਪਾਸ ਬੈਂਕ ਡਰਾਫਟ ਦੁਆਰਾ ਜਮੀਨ ਦੇ ਸਾਰੇ ਵੇਰਵੇ ਦਸਦੇ ਹੋਏ ਜਮ੍ਹਾ ਕਰਵਾਉਣੀ ਹੋਵੇਗੀ। ਕਿਸ਼ਤ ਜਮ੍ਹਾ ਕਰਵਾਉਣ ਲਈ ਕੋਈ ਵਖਰਾ ਨੋਟਿਸ ਨਹੀਂ ਭੇਜਿਆ ਜਾਵੇਗਾ ।

4. ਨਿਲਾਮੀ ਖਤਮ ਹੋਣ ਤੇ ਸਭ ਤੋਂ ਉਚੀ ਬੋਲੀ ਦੇਣ ਵਾਲੇ ਬੋਲੀਕਾਰ ਨੂੰ ਬੋਲੀ ਦੀ ਰਕਮ ਦਾ 10% ਉਸੇ ਵੇਲੇ ਹੀ ਜਮ੍ਹਾ ਕਰਵਾਉਣਾ ਪਵੇਗਾ ।

5. ਨਿਲਾਮੀ ਉਪਰੋਕਤ ਦੱਸੀਆਂ ਗਈਆਂ ਤਾਰੀਖਾਂ ਨੂੰ ਸਵੇਰੇ 11:00 ਵਜੇ ਸਬੰਧਤ ਕਾਰਜਕਾਰੀ ਇੰਜੀਨੀਅਰ ਦੇ ਦਫਤਰ ਵਿੱਚ ਕੀਤੀ ਜਾਵੇਗੀ ।

ਉਪਰੋਕਤ ਅਨੁਸਾਰ ਬੋਲੀ ਦੀਆਂ ਬਕਾਇਆ ਸ਼ਰਤਾ ਦਫਤਰ ਦੇ ਨੋਟਿਸ ਬੋਰਡ ਤੇ ਵਾਚ ਲਈਆ ਜਾਣ ਜੀ।


(ਕੁਲਵਿੰਦਰ ਸਿੰਘ)
ਕਾਰਜਕਾਰੀ ਇੰਜੀਨੀਅਰ,
ਮਜੀਠਾ ਮੰਡਲ ਅ.ਬ.ਦ.ਨ.,
ਅੰਮ੍ਰਿਤਸਰ।
ਮੋਬਾਇਲ ਨੰਬਰ:9779311777.

ਨੰਬਰ: 3647-54/86-ਐਮ.ਜੀ/ਆਰ.ਸੀ. ਮਿਤੀ 5/8/2020.

ਉਪਰਕੋਤ ਦਾ ਉਤਾਰਾ ਹੇਠ ਲਿਖਿਆ ਵੱਲ ਸੂਚਨਾਂ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ ਜੀ:-

1. ਪ੍ਰਮੁੱਖ ਸਕੱਤਰ,ਪੰਜਾਬ ਸਰਕਾਰ, ਜਲ ਸਰੋਤ ਵਿਭਾਗ,ਪੰਜਾਬ

2. ਮੁੱਖ ਇੰਜੀਨੀਅਰ(ਖੋਜ)/ਜਲ ਨਿਕਾਸ ਅਤੇ ਅਬਦਨ ਹਲਕਾ, ਜਲ ਸਰੋਤ ਵਿਭਾਗ,ਪੰਜਾਬ,ਅੰਮ੍ਰਿਤਸਰ।

3. ਨਿਗਰਾਨ ਇੰਜੀਨੀਅਰ, ਅਪਰ ਬਾਰੀ ਦੁਆਬ ਨਹਿਰ ਹਲਕਾ, ਅੰਮ੍ਰਿਤਸਰ।

4. ਕਾਰਜਕਾਰੀ ਇੰਜੀਨੀਅਰ ਚੌਕਸੀ ਅਤੇ ਕੁਆਲਟੀ ਕੰਟਰੋਲ ਮੰਡਲ ਅੰਮ੍ਰਿਤਸਰ ਦੇ ਦਫ਼ਤਰ ਵੱਲ ਸਰਕਾਰ ਦੇ ਮੀਮੋ ਨੰਬਰ: 4/58/1997-ਸਿੰ.ਕਾ(3)/475950/1 ਮਿਤੀ 04-05-2015 ਰਾਂਹੀਂ ਜਾਰੀ ਹਦਾਇਤਾਂ ਦੀ ਪਾਲਣਾ ਵਿੱਚ ਲਿਖਿਆ ਜਾਂਦਾ ਹੈ ਕਿ ਮਿਤੀ 26-08-2020 ਨੂੰ ਇਸ ਦਫ਼ਤਰ ਵੱਲੋ ਪਿੰਡ ਨਾਰਲੀ ਦੀ 6-ਏਕੜ ਜਮੀਨ ਦੀ ਕੀਤੀ ਜਾ ਨਿਲਾਮੀ ਵਿੱਚ ਆਪ ਵੱਲੋ ਹਾਜਰ ਹੋਣਾ ਯਕੀਨੀ ਬਣਾਇਆ ਜਾਵੇ ਜੀ।

5. ਉਪ ਮੰਡਲ ਮੈਜਿਸਟ੍ਰੇਟ, ਪੱਟੀ, ਜਿਲ੍ਹਾ ਤਰਨ ਤਾਰਨ ਵੱਲ ਸਰਕਾਰ ਦੀਆਂ ਹਦਾਇਤਾਂ ਪਿੱਠ ਅੰਕਣ ਨੰਬਰ 4/58/97-ਆਈ.ਡਬਲਯੂ(4)/6491 ਮਿਤੀ 25-03-1998 ਰਾਂਹੀਂ ਜਾਰੀ ਹਦਾਇਤਾਂ ਦੀ ਪਾਲਣਾ ਵਿੱਚ ਲਿਖਿਆ ਜਾਂਦਾ ਹੈ ਕਿ ਮਿਤੀ 26-08-2020 ਨੂੰ ਇਸ ਦਫ਼ਤਰ ਵੱਲੋ ਪਿੰਡ ਨਾਰਲੀ ਦੀ 6-ਏਕੜ ਜਮੀਨ ਦੀ ਕੀਤੀ ਜਾ ਨਿਲਾਮੀ ਵਿੱਚ ਆਪ ਵੱਲੋ ਹਾਜਰ ਹੋਣਾ ਯਕੀਨੀ ਬਣਾਇਆ ਜਾਵੇ ਜੀ।

6. ਭਿੱਖੀਵਿੰਡ ਬਲਾਕ ਡਿਵੈਲਪਮੈਂਟ ਐਂਡ ਪੰਚਾਇਤ ਅਫਸਰ ਵੱਲ ਸਰਕਾਰ ਦੇ ਪਿੱਠ ਅੰਕਣ ਨੰਬਰ 4/58/97-ਆਈ.ਡਬਲਯੂ(4)/6491 ਮਿਤੀ 25-03-1998 ਰਾਂਹੀਂ ਜਾਰੀ ਹਦਾਇਤਾਂ ਦੀ ਪਾਲਣਾ ਵਿੱਚ ਲਿਖਿਆ ਜਾਂਦਾ ਹੈ ਕਿ ਮਿਤੀ 26-08-2020 ਨੂੰ ਇਸ ਦਫ਼ਤਰ ਵੱਲੋ ਪਿੰਡ ਨਾਰਲੀ ਦੀ 6-ਏਕੜ ਜਮੀਨ ਦੀ ਕੀਤੀ ਜਾ ਨਿਲਾਮੀ ਵਿੱਚ ਆਪ ਵੱਲੋ ਹਾਜਰ ਹੋਣਾ ਯਕੀਨੀ ਬਣਾਇਆ ਜਾਵੇ ਜੀ।

7. ਕੰਪਿਊਟਰ ਸੈੱਲ ਸ਼ਾਖਾ, ਮੁੱਖ ਦਫ਼ਤਰ ਜਲ ਸਰੋਤ ਵਿਭਾਗ ਪੰਜਾਬ, ਚੰਡੀਗੜ੍ਹ ਨੂੰ ਨਿਲਾਮੀ ਨੋਟਿਸ ਦੀ ਕਾਪੀ ਸਰਕਾਰ ਦੀ ਵੈੱਬ-ਸਾਇਟ ਤੇ ਅਪਲੋਡ ਕਰਨ ਹਿੱਤ ਭੇਜੀ ਜਾਂਦੀ ਹੈ।

8. ਕਾਪੀ ਨੋਟਿਸ ਬੋਰਡ ਵਾਸਤੇ।

ਕਾਰਜਕਾਰੀ ਇੰਜੀਨੀਅਰ,
ਮਜੀਠਾ ਮੰਡਲ ਅ.ਬ.ਦ.ਨ.,
ਅੰਮ੍ਰਿਤਸਰ।